Tel: 604.596.7733
www.surreyschools.ca

# Election Day Safety
## ਵੋਟਾਂ ਵਾਲੇ ਦਿਨ ਦੀ ਸਕੂਲ ਦੀ ਸੁਰਖਿਆ ਲਈ ਜਾਣਕਾਰੀ

ਵੱਖ ਵੱਖ ਖੇਤਰਾਂ ਵਿੱਚ ਚੋਣਾਂ ਸਮੇਂ ਸਕੂਲ ਡਿਸਟਰਿਕਟ ਦੇ ਸਕੂਲ ਵੋਟਾਂ ਪਾਓਣ ਲਈ ਵਰਤੇ ਜਾਂਦੇ ਹਨ। ਤੁਸੀਂ ਜਾਣਦੇ ਹੀ ਹੋ ਕਿ ਵੋਟ ਪਾਓਣਾ ਲੋਕਰਾਜ ਦਾ ਇੱਕ ਵਡਮੁਲੱਾ ਚਿੰਨ ਹੈ। ਕਿਓਂਕਿ ਵੋਟਾਂ ਵਾਲੇ ਦਿਨ ਸਕੂਲ ਵਿੱਚ ਬਹੁਤ ਹੀ ਲੋਕ ਆਓਂਦੇ ਹਨ, ਬੱਚਿਆਂ ਦੀ ਹਿਫਾਜਤ ਵਾਸਤੇ ਸਕੂਲ ਡਿਸਟਰਿਕਟ ਵਲੋਂ ਕਈ ਸਾਧਿਨ ਅਪਣਾਇ ਜਾਂਦੇ ਹਨ। ਇਹਨਾਂ ਸਾਧਨਾਂ ਵਿੱਚੋਂ ਕੁੱਝ ਤੁਹਾਡੇ ਧਿਆਨ ਵਿੱਚ ਲਿਆਦੇਂ ਜਾ ਰਹੇ ਹਨ:

1. ਜਦੋਂ ਵੀ ਹੋ ਸਕੇ, ਕੋਸ਼ਿਸ਼ ਇਹ ਹੁੰਦੀ ਹੈ ਕਿ ਲੋਕਾਂ ਨੂੰ ਸਿੱਧੇ ਹੀ ਵੋਟ ਪਾਓਣ ਵਾਲੀ ਥਾਂ ਜਾਣ ਲਈ ਰਾਹ ਹੋਵੇ ਤਾਂ ਕਿ ਓਹਨਾਂ ਦਾ ਵਿਦਿਆਰਥੀਆਂ ਨਾਲ ਕੋਈ ਵੀ ਸੰਭਧ ਨਾ ਹੋਵੇ। ਇਸ ਲਈ ਕੋਸ਼ਿਸ਼ ਇਹ ਹੁੰਦੀ ਹੈ ਕਿ ਲੋਕ ਸਕੂਲ ਦੇ ਬਾਹਰ ਬਾਹਰ ਜਿਮਨੇਜ਼ੀਅਮ ਵਿੱਚ ਵੋਟ ਪਾ ਸਕਣ। ਇਸ ਤਰਾਂ ਨਾਲ ਸਕੂਲ ਦੀ ਰੋਜ਼ਾਨਾ ਕਾਰਵਾਈ ਵਿੱਚ ਕੋਈ ਤਬਦੀਲੀ ਨਹੀਂ ਆਓਂਦੀ।

2. ਸਕੂਲ ਦੇ ਬਾਹਰ ਵੋਟਾਂ ਪਾਓਣ ਵਾਲਿਆਂ ਦੀ ਹਦਾਇਤ ਲਈ ਕਈ ਤਰਾਂ ਦੀਆਂ ਨਿਸ਼ਾਨੀਆਂ ਅਤੇ ਇਸ਼ਾਰੇ ਲਗਵਾਏ ਜਾਂਦੇ ਹਨ ਤਾਂ ਕਿ ਲੋਕਾਂ ਨੂੰ ਸਕੂਲ ਦੇ ਅੰਦਰ ਆ ਕਿ ਕੋਈ ਵੀ ਜਾਣਕਾਰੀ ਨਾ ਲੈਣੀ ਪਵੇ।

3. ਅਗਰ ਵੋਟ ਪਾਓਣ ਵਾਲਿਆਂ ਨਾਗਰਿਕਾਂ ਨੂੰ ਸਕੂਲ ਦੇ ਅੰਦਰ ਆਓਣਾ ਪੈ ਜਾਵੇ ਤਾਂ ਓਹਨਾਂ ਦਾ ਰਸਤਾ ਇਸ ਤਰਾਂ ਓਲੀਕਿਆ ਜਾਏਗਾ ਕਿ ਓਹ ਸਿੱਧੇ ਵੋਟ ਪਾ ਸਕਣ ਸਕੂਲ ਦੇ ਬੱਚਿਆਂ ਤੋਂ ਦੂਰ ਰਹਿ ਕੇ।

4. ਨਿਗਰਾਨੀ ਰੱਖਣ ਲਈ ਹੋਰ ਵੀ ਕਰਮਚਾਰੀ ਸਕੂਲ ਵਿੱਚ ਲਿਆ ਜਾਂਦੇ ਹਨ।

ਸਾਡੀ ਵੋਟਾਂ ਪਾਓਣ ਵਾਲਿਆਂ ਨੂੰ ਇਹ ਖਾਸ ਹਦਾਇਤ ਹੁੰਦੀ ਹੈ ਕਿ ਵੋਟਾਂ ਪਾਓਣ ਸਮੇਂ ਚੱਲ਼ ਰਹੇ ਸਕੂਲ ਦੇ ਵਾਤਾਵਰਨ ਵਿੱਚ ਕੋਈ ਵੀ ਵਿਘਨ ਨਾ ਪਵੇ।